www.a2zpapers.com

**Exam. Code : 105702**
**Subject Code : 1529**

**B.Sc. (Information Technology) 2nd Semester**

**PUNJABI COMPULSORY**

**Paper—II (i)**

Time Allowed—Three Hours] [Maximum Marks—50

1. ਕਿਸੇ ਇੱਕ ਨਿਬੰਧ ਦੇ ਵਿਸ਼ਾ-ਵਸਤੂ ਤੇ ਨੋਟ ਲਿਖੋ :

   (ੳ) ਅਚੇਤਨ ਦਾ ਰੂਪ ਤੇ ਸੁਭਾਅ

   (ਅ) ਅੱਖਾਂ। 10

2. ਪਠਾਣ ਦੀ ਧੀ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

3. ਵਿਧੇਤਰ ਤੋਂ ਕੀ ਭਾਵ ਹੈ ? ਪੰਜਾਬੀ ਵਿੱਚ ਕਿੰਨੀ ਤਰ੍ਹਾਂ ਦੇ ਵਿਧੇਤਰ ਹਨ ? ਉਦਾਹਰਨਾ ਸਹਿਤ ਸਪਸ਼ਟ ਕਰੋ। 5

4. ਨਾਂਵ ਵਾਕੰਸ਼ ਕੀ ਹੁੰਦਾ ਹੈ ? ਪੰਜਾਬੀ ਨਾਂਵ ਵਾਕੰਸ਼ ਨੂੰ ਉਦਾਹਰਨਾਂ ਸਹਿਤ ਸਪਸ਼ਟ ਕਰੋ। 5

5. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਉੱਪਰ ਪੈਰਾ-ਰਚਨਾ ਕਰੋ :

   (ੳ) ਵੱਧ ਰਹੀ ਹਿੰਸਾ

   (ਅ) ਕਿਸਾਨੀ ਸੰਕਟ

   (ੲ) ਸੜਕ ਹਾਦਸੇ। 5



www.a2zpapers.com

www.a2zpapers.com

6. ਹੇਠ ਲਿਖਿਆ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਪੰਜਾਬੀ ਭਾਸ਼ਾ ਲਈ ਭਾਰਤੀ ਪੰਜਾਬ ਵਿੱਚ ਗੁਰਮੁਖੀ ਲਿਪੀ ਵਰਤੀ ਜਾਂਦੀ ਹੈ ਅਤੇ ਇਹ ਸਰਕਾਰ, ਸਿੱਖਿਆ, ਗ੍ਰੰਥਾਂ ਅਤੇ ਭਾਰਤੀ ਪੰਜਾਬ ਦੇ ਆਮ ਲੋਕਾਂ ਦੀ ਲਿਪੀ ਹੈ। ਪਾਕਿਸਤਾਨੀ ਪੰਜਾਬੀਆਂ ਦੀ ਲਿਪੀ ਸ਼ਾਹਮੁਖੀ (ਫਾਰਸੀ-ਉਰਦੂ) ਹੈ। ਪੰਜਾਬ ਤੋਂ ਬਾਹਰ ਪੜ੍ਹੇ ਕੁਝ ਲੋਕ ਪੰਜਾਬੀ ਨੂੰ ਲਿਖਣ ਲਈ ਦੇਵਨਾਗਰੀ ਦੀ ਵਰਤੋਂ ਵੀ ਕਰਦੇ ਹਨ। ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹੇ ਕੰਪਿਊਟਰ ਜਾਣਦੇ, ਖ਼ਾਸ ਕਰਕੇ ਜਿਨ੍ਹਾਂ ਨੇ ਪਹਿਲਾਂ ਅੰਗਰੇਜ਼ੀ ਟਾਈਪ ਕਰਨੀ ਸਿੱਖੀ ਹੈ ਅਤੇ ਕਾਫੀ ਵਿਦੇਸ਼ ਵਸਦੇ ਸੱਜਣ ਅਕਸਰ ਰੋਮਨ ਅੱਖਰਾਂ ਵਿੱਚ ਪੰਜਾਬੀ ਲਿਖਦੇ ਹਨ। ਸੋਸ਼ਲ ਮੀਡੀਆ (ਫੇਸ ਬੁਕ ਅਤੇ ਵਾਟਸ ਐੱਪ) ਉਪਰ ਵੀ ਕਈ ਲੋਕ ਰੋਮਨ ਲਿਪੀ ਵਰਤ ਲੈਂਦੇ ਹਨ। ਲਿਪੀਆਂ ਦੀ ਘੜਮੱਸ ਪੰਜਾਬੀ ਭਾਸ਼ਾ ਦੇ ਡਿਜ਼ੀਟਲ ਵਿਕਾਸ ਵਿੱਚ ਰੋਕ ਹੈ। ਭਾਰਤੀ ਪੰਜਾਬ ਦੀ ਬਹੁਗਿਣਤੀ ਨੇ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਸਿੱਖੀ ਹੋਈ ਹੈ। ਲੋਕਤੰਤਰੀ ਪੱਖ ਤੋਂ ਗੁਰਮੁਖੀ ਲਿਪੀ ਹੀ ਵਰਤਣੀ ਜਾਇਜ਼ ਹੈ। ਸਰਕਾਰੀ ਕੰਮਕਾਜ ਅਤੇ ਸਿੱਖਿਆ ਦੇ ਮਾਧਿਅਮ ਲਈ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਹੀ ਪਰਵਾਨਤ ਲਿਪੀ ਹੈ। ਇਸ ਲਿਪੀ ਦੇ ਧਾਰਮਿਕ, ਸਭਿਆਚਾਰਕ ਅਤੇ ਸਿਆਸੀ ਪੱਖ ਵੀ ਹਨ। ਭਾਰਤੀ ਪੰਜਾਬ ਤੋਂ ਬਾਹਰ ਬੈਠੇ ਬਹੁਤੇ ਪਰਵਾਸੀ ਪੰਜਾਬੀ ਭਾਰਤੀ ਵੀ ਜਜ਼ਬਾਤੀ, ਧਾਰਮਿਕ ਅਤੇ ਸਭਿਆਚਾਰਕ ਸਾਂਝ ਕਾਰਨ ਇਸੇ ਲਿਪੀ ਨਾਲ ਜੁੜੇ ਹੋਏ ਹਨ।

(ੳ) ਗੁਰਮੁਖੀ ਲਿਪੀ ਦੀ ਵਰਤੋਂ ਕਿਸ ਭਾਸ਼ਾ ਲਈ ਕੀਤੀ ਜਾਂਦੀ ਹੈ ਅਤੇ ਇਹ ਕਿਹੜੇ ਲੋਕਾਂ ਦੀ ਲਿਪੀ ਹੈ ?



www.a2zpapers.com

www.a2zpapers.com

(ਅ) ਪਾਕਿਸਤਾਨੀ ਪੰਜਾਬੀ ਦੀ ਲਿਪੀ ਕਿਹੜੀ ਹੈ?

(ੲ) ਪੰਜਾਬ ਤੋਂ ਬਾਹਰ ਪੜ੍ਹੇ ਲੋਕ ਪੰਜਾਬੀ ਨੂੰ ਲਿਖਣ ਲਈ ਕਿਸ ਦੀ ਵਰਤੋਂ ਕਰਦੇ ਹਨ?

(ਸ) ਪੰਜਾਬੀ ਭਾਸ਼ਾ ਦੇ ਡਿਜ਼ੀਟਲ ਵਿਕਾਸ ਵਿੱਚ ਕਿਸ ਚੀਜ਼ ਦੀ ਰੋਕ ਹੈ?

(ਹ) ਸਰਕਾਰੀ ਕੰਮਕਾਜ ਲਈ ਕਿਹੜੀ ਲਿਪੀ ਪਰਵਾਨਤ ਹੈ? 5

7. ਹੇਠ ਲਿਖਿਆਂ ਵਿੱਚੋਂ ਕੋਈ ਪੰਜ ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋਣ :

(ੳ) ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖੜੀ।

(ਅ) ਭੁੱਖੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫਰਿਆ

(ੲ) ਉੱਠਿਆ ਆਪ ਤੋਂ ਨਾ ਜਾਵੇ, ਫਿੱਟੇਮੂੰਹ ਗੋਡਿਆਂ ਦੇ

(ਸ) ਚੜ੍ਹਦੇ ਸੂਰਜਾਂ ਨੂੰ ਸਲਾਮਾਂ

(ਹ) ਗੋਦੜੀਆਂ ਚ ਲਾਲ ਨਹੀਂ ਲੁਕਦੇ

(ਕ) ਈਦ ਮਗਰੋਂ ਤੰਬਾ ਫੂਕਣੈ

(ਖ) ਘੁਮਿਆਰੀ ਆਪਣਾ ਭਾਂਡਾ ਸਲਾਹੁੰਦੀ ਐ

(ਗ) ਲੁੱਚਾ ਲੰਡਾ ਚੌਧਰੀ, ਗੁੰਡੀ ਰੰਨ ਪ੍ਰਧਾਨ। 5

8. ਹੇਠ ਲਿਖਿਆਂ ਵਿੱਚੋਂ ਕੋਈ ਪੰਜ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰਾਂ ਵਰਤੋ ਕਿ ਅਰਥ ਸਪਸ਼ਟ ਹੋਣ :

(ੳ) ਹਥੇਲੀ ਦੇ ਫੋੜੇ ਵਾਂਗ ਰੱਖਣਾ

(ਅ) ਨੱਕ ਚਾੜ੍ਹਨਾ



www.a2zpapers.com

www.a2zpapers.com

(ੲ) ਇੱਟ ਨਾਲ ਇੱਟ ਖੜਕਾਉਣੀ

(ਸ) ਲਾਲ ਪੀਲਾ ਹੋਣਾ

(ਹ) ਅੱਖਾਂ ਚਾਰ ਹੋ ਜਾਣੀਆਂ

(ਕ) ਕੰਡ ਦਿਖਾਉਣੀ

(ਖ) ਛਾਤੀ ਡਾਹੁਣਾ

(ਗ) ਮੋਢੇ ਨਾਲ ਮੋਢਾ ਜੋੜਨਾ। 5



www.a2zpapers.com